# ਪੰਜਾਬ ਸਕੂਲ ਸਿੱਖਿਆ ਬੋਰਡ

## ਦਸਵੀਂ/ਬਾਰ੍ਹਵੀਂ ਦਾਂ ਪ੍ਰੀਖਿਆਵਾਂ ਮਾਰਚ 2016 ਤੋਂ ਪ੍ਰੀਖਿਆ ਕੇਂਦਰ ਬਨਾਉਣ ਲਈ ਜਨਰਲ ਹਦਾਇਤਾਂ

1. ਕੇਵਲ ਇੱਕ ਸ਼੍ਰੇਣੀ ਲਈ ਹੀ ਪ੍ਰੀਖਿਆ ਕੇਂਦਰ ਸਥਾਪਤ ਕਰਨ ਸਬੰਧੀ ਨਿਰਧਾਰਤ ਫੀਸ ਸਹਿਤ ਬਿਨੈਪੱਤਰ ਦਿੱਤਾ ਜਾਵੇ। ਇੱਕ ਸਾਲ ਦੀ ਕਾਰਗੁਜਾਰੀ ਬਾਅਦ ਹੀ ਅਗਲੀ ਸ਼੍ਰੇਣੀ ਲਈ ਪ੍ਰੀਖਿਆ ਕੇਂਦਰ ਸਥਾਪਤ ਕਰਨ ਸਬੰਧੀ ਬਿਨੈਪੱਤਰ ਦਿੱਤਾ ਜਾਵੇ।
2. ਫੀਸਾਂ ਦਾ ਸ਼ਡਿਊਲ :-

| ਮਿਤੀ | ਸਰਕਾਰੀ ਸਕੂਲ | ਏਡਿਡ ਸਕੂਲ | ਐਫੀਲਿਏਟਿਡ/ ਮਾਨਤਾ ਪ੍ਰਾਪਤ |
|---|---|---|---|
| 22 ਸਤੰਬਰ 2015 ਤੱਕ | 2200/- ਰੁ: | 5000/- ਰੁ: | 20000/- ਰੁ: |
| ਕੰਟੀਨਿਊਸ਼ਨ ਫੀਸ : ਕੇਂਦਰ ਸਥਾਪਤ ਹੋਣ ਦੀ ਸੂਰਤ ਵਿੱਚ ਹਰ ਸਾਲ ਜਮ੍ਹਾਂ ਕਰਾਉਣੀ ਪਵੇਗੀ। | - | 1000/- ਰੁ: ਪ੍ਰਤੀ ਸਾਲ | 5000/- ਰੁ: ਪ੍ਰਤੀ ਸਾਲ |

3\. (ੳ) ਬਿਨੈ ਪੱਤਰ ਦੇ ਨਾਲ ਨਿਯਮਾਂ ਅਨੁਸਾਰ ਬਣਦੀ ਫੀਸ ਪ੍ਰਾਪਤ ਹੋਣੀ ਚਾਹੀਦੀ ਹੈ, ਜੇਕਰ ਬਿਨੈਕਾਰ ਸਕੂਲ ਕੇਂਦਰ ਸਥਾਪਤ ਲਈ ਨਿਰਧਾਰਤ ਸਾਰੀਆਂ ਸ਼ਰਤਾਂ ਪੂਰੀਆਂ ਨਹੀ ਕਰਦਾ ਤਾਂ ਕੇਂਦਰ ਸਥਾਪਤ ਕਰਨ ਲਈ ਜਮ੍ਹਾਂ ਕਰਵਾਈ ਗਈ ਫੀਸ ਵਾਪਸ ਨਹੀ ਕੀਤੀ ਜਾਵੇਗੀ।

(ਅ) ਜੇਕਰ ਪ੍ਰਬੰਧਕੀ ਕਾਰਨਾਂ ਕਰਕੇ ਆਪ ਦੀ ਸੰਸਥਾ ਵਿਖੇ ਪ੍ਰੀਖਿਆ ਕੇਂਦਰ ਸਥਾਪਿਤ ਨਹੀ ਹੁੰਦਾ ਤਾਂ ਉਸ ਤੇ ਅਗਲੇ ਸਾਲ ਕੁੱਲ ਫੀਸ ਦਾ 10% ਜਮ੍ਹਾਂ ਕਰਵਾਉਣ ਉਪਰੰਤ ਹੀ ਆਪ ਦੇ ਬਿਨੈਪੱਤਰ ਤੇ ਵਿਚਾਰ ਕੀਤੀ ਜਾਵੇਗੀ।

4. ਪ੍ਰੀਖਿਆ ਕੇਂਦਰ ਬਣਾਉਣ ਲਈ ਬਿਨੈਪੱਤਰ ਦੇ ਨਾਲ ਸਕੂਲ ਦੀ ਇਮਾਰਤ ਦਾ ਨਕਸ਼ਾ ਨੱਥੀ ਹੋਣਾ ਚਾਹੀਦਾ ਹੈ। ਇਮਾਰਤ ਦਾ ਉਹ ਹਿੱਸਾ ਜਿਹੜਾ ਕੇਂਦਰ ਵਜੋਂ ਵਰਤਿਆ ਜਾਣਾ ਹੈ, ਉਸ ਦੀ ਨਿਸ਼ਾਨਦੇਹੀ ਲਾਲ ਰੰਗ ਨਾਲ ਕੀਤੀ ਜਾਵੇ। ਨਕਸ਼ੇ ਵਿੱਚ ਹਰ ਕਮਰੇ ਦਾ ਮਾਪ ਅਤੇ ਦਰਵਾਜੇ, ਖਿੜਕੀਆਂ ਵੀ ਦਰਸਾਏ ਜਾਣੇ ਚਾਹੀਦੇ ਹਨ। ਖਿੜਕੀਆਂ ਵਿੱਚ ਗਰਿੱਲਾਂ ਅਤੇ ਜਾਲੀਆ ਦਾ ਹੋਣਾ ਲਾਜ਼ਮੀ ਹੈ। ਸਕੂਲ ਦੀ ਚਾਰ-ਦਿਵਾਰੀ ਹੋਣੀ ਜਰੂਰੀ ਹੈ। ਕਮਰਿਆਂ ਵਿੱਚ ਟਿਊਬ ਲਾਈਟਾਂ, ਪੱਖੇ ਅਤੇ ਬਿਜਲੀ ਦਾ ਪ੍ਰਬੰਧ ਹੋਣਾ ਜਰੂਰੀ ਹੈ। ਕਮਰੇ ਹਵਾਦਾਰ ਹੋਣੇ ਚਾਹੀਦੇ ਹਨ।
5. ਸਕੂਲ ਵਿੱਚ ਪ੍ਰੀਖਿਆ ਲਈ ਪ੍ਰੀਖਿਆਰਥੀਆਂ ਦੀ ਗਿਣਤੀ ਅਨੁਸਾਰ ਸਿੰਗਲ ਬੈਂਚ ਹੋਣੇ ਜਰੂਰੀ ਹਨ।
6. ਪ੍ਰੀਖਿਆ ਦੌਰਾਨ ਸੰਸਥਾ ਨੂੰ ਆਪਣੇ ਸਕੂਲ ਦੇ ਕਲਰਕ ਨੂੰ ਬਤੌਰ ਸਹਾਇਕ ਸੁਪਰਡੰਟ ਅਤੇ ਲੋੜ ਪੈਣ ਤੇ ਹੋਰ ਅਮਲਾ ਪ੍ਰੀਖਿਆਵਾਂ ਦੇ ਸੰਚਾਲਨ ਲਈ ਫਾਰਗ ਕਰਨਾ ਹੋਵੇਗਾ।
7. <u>ਪ੍ਰੀਖਿਆ ਕੇਂਦਰ ਬਣਾਉਣ ਲਈ ਆਪਣੇ ਸਕੂਲ ਦੇ ਰੈਗੂਲਰ ਪ੍ਰੀਖਿਆਰਥੀਆਂ ਦੀ ਗਿਣਤੀ ਘੱਟ ਤੋਂ ਘੱਟ 50 ਹੋਣੀ ਚਾਹੀਦੀ ਹੈ। ਪੇਂਡੂ ਖੇਤਰ ਲਈ 100 ਅਤੇ ਸ਼ਹਿਰੀ ਖੇਤਰ ਲਈ 150 (ਸਮੇਤ ਸਹਿਮਤੀ ਸਕੂਲ) ਰੈਗੂਲਰ ਪ੍ਰੀਖਿਆਰਥੀ ਹੋਣੇ ਚਾਹੀਦੇ ਹਨ। ਇਹ ਗਿਣਤੀ ਓਪਨ ਸਕੂਲ ਦੇ ਵਿਦਿਆਰਥੀਆਂ ਤੋਂ ਬਿਨਾਂ ਮੰਨੀ ਜਾਵੇਗੀ। ਇਹ ਸ਼ਰਤ ਪੁਰਾਣੇ ਚੱਲ ਰਹੇ ਪ੍ਰੀਖਿਆ ਕੇਂਦਰਾਂ ਉੱਪਰ ਵੀ ਲਾਗੂ ਹੋਵੇਗੀ ।</u>
8. ਪੇਂਡੂ ਖੇਤਰ ਲਈ ਘੱਟ ਤੋਂ ਘੱਟ 150 ਤੋਂ 200 ਅਤੇ ਸ਼ਹਿਰੀ ਖੇਤਰ ਲਈ 250 ਤੋਂ 300 ਤੱਕ ਪ੍ਰੀਖਿਆਰਥੀਆਂ ਦੇ ਬਿਠਾਉਣ ਲਈ ਪ੍ਰਬੰਧ ਹੋਣਾ ਚਾਹੀਦਾ ਹੈ।
9. <u>ਨਵਾਂ ਪ੍ਰੀਖਿਆ ਕੇਂਦਰ ਸਥਾਪਤ ਕਰਦੇ ਸਮੇਂ ਸੰਸਥਾ ਮੁੱਖੀ ਕੋਲੋਂ ਕਿਸੇ ਵੀ ਸੂਰਤ ਵਿੱਚ ਨਿਰਧਾਰਤ ਗਿਣਤੀ ਤੋਂ ਘੱਟ ਪ੍ਰੀਖਿਆਰਥੀਆਂ ਦੀ ਫੀਸ ਨਹੀਂ ਵਸੂਲ ਕੀਤੀ ਜਾਵੇਗੀ। ਕੇਂਦਰ ਕੇਵਲ ਨਿਰਧਾਰਤ ਗਿਣਤੀ ਪੂਰੀ ਹੋਣ ਤੇ ਹੀ ਸਥਾਪਤ ਕੀਤਾ ਜਾਵੇਗਾ।</u>
10. ਇਹ ਸੰਸਥਾ ਪ੍ਰੀਖਿਆ ਦੌਰਾਨ ਇੱਕ ਦੀਵਾਰ ਵਾਲੀ ਘੜੀ, ਇੱਕ ਅਲਮਾਰੀ, ਇੱਕ ਲੋਹੇ ਦਾ ਟਰੰਕ ਜਿਹਨਾਂ ਵਿੱਚ ਉਤਰ ਕਾਪੀਆਂ ਅਤੇ ਸਟੇਸ਼ਨਰੀ ਆਦਿ ਰੱਖੀਆਂ ਜਾਣੀਆਂ ਹਨ, ਬਿਨ੍ਹਾਂ ਕਿਰਾਏ ਤੋਂ ਸਥਾਈ ਤੌਰ ਤੇ ਮੁੱਹਈਆਂ ਕਰਵਾਏਗੀ।
11. ਪ੍ਰੀਖਿਆ ਕੇਂਦਰ ਲਈ ਇੱਕ ਹਾਲ ਜਿਸ ਵਿੱਚ ਸੁਪਰਡੰਟ ਅਤੇ ਸਹਾਇਕ ਸੁਪਰਡੰਟ ਦੇ ਬੈਠਣ ਤੋਂ ਇਲਾਵਾ 70 ਤੋਂ 100 ਵਿਦਿਆਰਥੀ ਬਿਠਾਉਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।
12. ਹਰ ਕਮਰਾ ਸਮੇਤ ਹਾਲ ਕਮਰਾ ਇੱਕ ਦੂਜੇ ਨਾਲ ਜੁੜਵੇਂ ਹੋਣੇ ਚਾਹਦੇ ਹਨ ਅਤੇ ਹਰ ਕਮਰੇ ਵਿੱਚ 35 ਤੋਂ 40 ਵਿਦਿਆਰਥੀ ਬੈਂਚ ਲਗਾ ਕੇ ਬੈਠਣ ਦੀ ਸਮਰੱਥਾ ਹੋਣੀ ਚਾਹੀਦੀ ਹੈ।
13. ਪੁਰਾਣੇ ਕੇਂਦਰ ਤੇ ਪ੍ਰਭਾਵ ਪੈਣ ਕਾਰਨ ਨਵਾਂ ਕੇਂਦਰ ਸਥਾਪਤ ਨਹੀਂ ਕੀਤਾ ਜਾਵੇਗਾ।

14. ਪ੍ਰੀਖਿਆ ਕੇਂਦਰ ਗਰਾਊਂਡ ਫਲੋਰ ਤੇ ਸਥਾਪਿਤ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ।
15. ਬਿਨੈ ਪੱਤਰ ਪ੍ਰਾਪਤ ਹੋਣ ਉਪਰੰਤ ਸਕੂਲ ਦਾ ਨਿਰੀਖਣ ਬੋਰਡ ਵਲੋਂ ਨਿਯੁਕਤ ਅਧਿਕਾਰੀ ਕਰੇਗਾ।
16. ਰੋਡ ਮੈਪ ਬਿਨੈਪੱਤਰ ਨਾਲ ਲਗਾਇਆ ਜਾਵੇ ਜਿਸ ਵਿੱਚ ਨੇੜੇ ਦਾ ਪ੍ਰੀਖਿਆ ਕੇਂਦਰ ਅਤੇ ਸ਼ਹਿਰ ਵੀ ਦਰਸਾਇਆ ਗਿਆ ਹੋਵੇ।
17. ਦਸਵੀਂ ਉਪਰੰਤ ਬਾਰ੍ਹਵੀਂ ਸ਼੍ਰੇਣੀ ਦੇ ਪ੍ਰੀਖਿਆ ਕੇਂਦਰ ਸਥਾਪਿਤ ਕਰਨ ਲਈ ਬੋਰਡ ਵੱਲੋ ਸੰਸਥਾ ਦਾ ਮੁੜ ਨਿਰੀਖਣ ਨਹੀਂ ਕਰਵਾਇਆ ਜਾਵੇਗਾ। ਇਸ ਸਬੰਧੀ ਨਾਲ ਨੱਥੀ ਅਨੁਸਾਰ ਤਸਦੀਕਸ਼ੁਦਾ ਹਲਫੀਆ ਬਿਆਨ, ਐਲਾਨਾਮਾ ਅਤੇ ਨਿਰਧਾਰਿਤ ਫੀਸ, ਸਕੂਲ ਵਲੋਂ ਪ੍ਰੀਖਿਆ ਕੇਂਦਰ ਸਥਾਪਤ ਕਰਨ ਸਬੰਧੀ ਦਿੱਤੇ ਜਾਣ ਵਾਲੇ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਇਆ ਜਾਵੇ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

# ਪੰਜਾਬ ਸਕੂਲ ਸਿੱਖਿਆ ਬੋਰਡ

ਦਸਵੀਂ ਅਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ 2016 ਲਈ ਨਵਾਂ ਕੇਂਦਰ ਬਣਾਉਣ ਲਈ ਬਿਨੈ ਪੱਤਰ।

1. ਪ੍ਰੀਖਿਆ ਕੇਂਦਰ ਲਈ ਬਿਨੈ ਪੱਤਰ ਦੇਣ ਵਾਲੀ ਸੰਸਥਾ ਦਾ ਨਾਂ ਸਮੇਤ ਫੋਨ/ਮੋ: ਨੰਬਰ ........................................ ........................................
2. ਪ੍ਰੀਖਿਆਰਥੀਆਂ ਦੀ ਗਿਣਤੀ

   ਲੜਕੇ ਲੜਕੀਆਂ ਕੁੱਲ ਗਿਣਤੀ

3. ਪ੍ਰੀਖਿਆ ਕੇਂਦਰ ਲਈ ਕਮਰਿਆ ਦੀ ਗਿਣਤੀ ਅਤੇ ਸਾਈਜ ........................................
4. ਕੀ ਹਾਲ ਅਤੇ ਕਮਰੇ ਜੋ ਪ੍ਰੀਖਿਆ ਕੇਂਦਰ ਲਈ ਵਰਤੇ ਜਾਣੇ ਹਨ, ਉਹ ਇੱਕ ਦੂਜੇ ਨਾਲ ਜੁੜਵੇਂ ਹਨ? ........................................
5. ਸਕੂਲ ਵਿੱਚ ਬਾਕੀ ਬਚਦੇ ਕਮਰਿਆ ਦੀ ਗਿਣਤੀ ........................................
6. ਸੰਸਥਾ ਵਿਚਲੀ ਵਿਗਿਆਨ ਦੀ ਪ੍ਰਯੋਗਸ਼ਾਲਾ ਵਿੱਚ ਇਕੋ ਸਮੇਂ ਕਿੰਨੇ ਪ੍ਰੀਖਿਆਰਥੀਆਂ ਦੀ ਪ੍ਰੀਖਿਆ ਲੈਣ ਦੀ ਸਮਰੱਥਾ ਹੈ ?

ੳ) ਭੌਤਿਕ ਵਿਗਿਆਨ ........... ਅ) ਰਸਾਇਣਿ ਵਿਗਿਆਨ ...........

ੲ) ਜੀਵ ਵਿਗਿਆਨ ........ ੲ) ਦਸਤਕਾਰੀ..............

7. **ਫਰਨੀਚਰ ਦਾ ਵੇਰਵਾ:-**

ੳ) ਇਕਹਿਰੀ ਸੀਟ ਵਾਲੇ ਡੈਸਕ ........................................

ਅ) ਦੂਹਰੀ ਸੀਟ ਵਾਲੇ ਡੈਸਕ ........................................

8. **ਪਿਛਲੇ ਸਾਲ ਆਪ ਦੇ ਸਕੂਲ ਦੇ ਪ੍ਰੀਖਿਆਰਥੀਆਂ ਵਲੋਂ ਕਿਹੜੇ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆ ਦਿੱਤੀ ਸੀ:-**

   ਪ੍ਰੀਖਿਆ ਕੇਂਦਰ ਦਾ ਨਾਂ ਆਪ ਦੇ ਸਕੂਲ ਤੋਂ ਦੂਰੀ ਕਲਾਸ

9. **ਸਹਿਮਤੀ ਸਕੂਲ ਦਾ ਵੇਰਵਾ** (ਇਹ ਸਹਿਮਤੀ 3 ਸਾਲ ਲਈ ਰੱਖੀ ਜਾਵੇਗੀ)

| ਸਕੂਲ ਦਾ ਨਾਂ | ਕਲਾਸ | ਲੜਕਿਆ ਦੀ ਗਿਣਤੀ | ਲੜਕੀਆਂ ਦੀ ਗਿਣਤੀ | ਕੁੱਲ ਗਿਣਤੀ | ਸਕੂਲ ਤੋਂ ਦੂਰੀ |
|---|---|---|---|---|---|
| | | | | | |
| | | | | | |
| | | | | | |

ਨੋਟ:- ਆਪਣੇ-ਆਪਣੇ ਲੈਟਰ ਪੈਡ ਤੇ ਬਿਨੈਕਾਰ ਸਕੂਲ ਨੂੰ ਸਹਿਮਤੀ ਦਿੱਤੀ ਜਾਵੇ ।

10. ਬੋਰਡ ਦੇ ਮੁੱਖ ਦਫ਼ਤਰ ਵਿਖੇ ਜਮ੍ਹਾਂ ਕਰਵਾਈ ਫੀਸ ਦਾ ਵੇਰਵਾ:-

    ਰਸੀਦ ਨੰ: ........................ ਮਿਤੀ........................... ਰਕਮ.................

ਸੰਸਥਾ ਦੇ ਮੁੱਖੀ ਦਾ ਪੂਰਾ ਨਾਂ
(ਸਾਫ ਅੱਖਰਾਂ ਵਿੱਚ)
ਟੈਲੀਫੋਨ/ਮੋਬਾਇਲ ਨੰਬਰ(ਕੋਡ ਸਮੇਤ)
ਮਿਤੀ: ........................
ਈ.ਮੇਲ

ਸੰਸਥਾ ਮੁੱਖੀ ਦੇ ਹਸਤਾਖਰ
(ਮੋਹਰ ਸਮੇਤ)

# ਐਲਾਨ

ਮੈਂ ਹੇਠਾਂ ਦਿੱਤੀਆਂ ਸ਼ਰਤਾਂ ਅਤੇ ਬੋਰਡ ਵਲੋਂ ਸਮੇਂ-ਸਮੇਂ ਤੇ ਲਗਾਈਆਂ ਜਾਣ ਵਾਲੀਆਂ ਸ਼ਰਤਾਂ ਨੂੰ ਮੰਨਣ ਦਾ ਇਕਰਾਰ ਕਰਦਾ ਹਾਂ:-

(ੳ) ਮੈਂ ਕੇਂਦਰ ਸੁਪਰਡੰਟ ਨੂੰ ਪ੍ਰੀਖਿਆ ਕੇਂਦਰ ਦੀ ਹਦੂਦ ਦੇ ਅੰਦਰ-ਬਾਹਰ ਅਨੁਸ਼ਾਸਨ ਕਾਇਮ ਕਰਨ ਅਤੇ ਲੋੜੀਂਦੀ ਸਹਾਇਤਾਂ ਪ੍ਰਦਾਨ ਕਰਨ ਲਈ ਇੱਕ ਕਰਮਚਾਰੀ ਦੀਆਂ ਸੇਵਾਵਾਂ ਸਪੁਰਦ ਕਰਾਂਗਾ।

(ਅ) ਬਿਨੈ-ਪੱਤਰ ਭੇਜਣ ਸਮੇਂ ਫਾਰਮ ਵਿੱਚ ਦਰਸਾਏ ਅਨੁਸਾਰ ਇਸ ਸੰਸਥਾ ਕੋਲ ਲੋੜੀਂਦਾ ਸਥਾਨ ਅਤੇ ਫਰਨੀਚਰ(ਇਕਹਿਰੀ ਅਤੇ ਦੂਹਰੀ ਸੀਟ ਵਾਲੇ ਡੈਸਕ) ਮੌਜੂਦ ਹਨ ਅਤੇ ਮੈਂ ਇਸ ਗੱਲ ਦੀ ਜਿੰਮੇਵਾਰੀ ਲੈਂਦਾ ਹਾਂ ਕਿ ਜੇਕਰ ਉਮੀਦਵਾਰਾਂ ਦੀ ਸੰਖਿਆ ਪ੍ਰਾਈਵੇਟ ਉਮੀਦਵਾਰਾਂ ਸਮੇਤ ਵੱਧ ਜਾਂਦੀ ਹੈ ਤਾਂ ਉਹਨਾਂ ਲਈ ਲੋੜੀਂਦੀ ਵਿਵਸਥਾ ਕੀਤੀ ਜਾਵੇਗੀ।

(ੲ) ਪ੍ਰੀਖਿਆ ਦੌਰਾਨ ਮੇਰੇ/ਮੇਰੇ ਸਹਿਯੋਗੀਆਂ ਵਲੋਂ ਪ੍ਰੀਖਿਆ ਕੇਂਦਰ ਵਿੱਚ ਦਖ਼ਲ-ਅੰਦਾਜੀ ਨਹੀ ਕੀਤੀ ਜਾਵੇਗੀ। ਜੇਕਰ ਦਖ਼ਲ-ਅੰਦਾਜੀ ਸਾਬਤ ਹੋ ਜਾਂਦੀ ਹੈ ਤਾਂ ਬੋਰਡ ਦਫ਼ਤਰ ਨੂੰ ਬਿਨਾਂ ਕਿਸੇ ਨੋਟਿਸ ਤੋਂ ਪ੍ਰੀਖਿਆ ਕੇਂਦਰ ਰੱਦ ਕਰਨ ਦਾ ਅਧਿਕਾਰ ਹੋਵੇਗਾ।

(ਸ) ਇਹ ਸਾਬਤ ਹੋਣ ਤੇ ਕਿ ਸਟਾਫ ਦੇ ਕਿਸੇ ਮੈਂਬਰ ਨੇ ਅਣ-ਉਚਿਤ ਸਾਧਨ ਵਰਤਣ ਵਿੱਚ ਮਦਦ ਕੀਤੀ ਹੈ ਤਾਂ ਸਬੰਧਤ ਸਕੂਲ ਪ੍ਰਬੰਧਕੀ ਕਮੇਟੀ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰੇਗੀ ਅਤੇ ਉਸ ਦੀ ਰਿਪੋਰਟ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ,(ਮੋਹਾਲੀ) ਨੂੰ ਭੇਜੀ ਜਾਵੇਗੀ।

ਸੰਸਥਾ ਮੁੱਖੀ ਦੇ ਹਸਤਾਖਰ

# ਨਮੂਨਾ ਹਲਫਨਾਮਾ

ਮੈਂ............................................................................................. ਪ੍ਰਿੰਸੀਪਲ
......................................................... ਹਲਫ ਨਾਲ ਬਿਆਨ ਕਰਦਾ ਹਾਂ ਕਿ:-

1 ਉਪਰੋਕਤ ਸੰਸਥਾ ਵਿਖੇ ਦਸਵੀਂ ਪੱਧਰ ਦੀਆਂ ਸ਼੍ਰੇਣੀਆਂ ਦਾ ਪ੍ਰੀਖਿਆ ਕੇਂਦਰ ਪਹਿਲਾਂ ਹੀ ਚੱਲ ਰਿਹਾ ਹੈ। ਇਹ ਸੰਸਥਾ ਬਾਰ੍ਹਵੀਂ ਸ਼੍ਰੇਣੀ ਦੇ ਪੱਧਰ ਦਾ ਪ੍ਰੀਖਿਆ ਕੇਂਦਰ ਸਥਾਪਤ ਕਰਵਾਉਣ ਲਈ ਬੋਰਡ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ।

2 ਇਹ ਕਿ ਇਹ ਦੋਵੇਂ ਪ੍ਰੀਖਿਆ ਕੇਂਦਰ ਇੱਕ ਚਾਰ-ਦੀਵਾਰੀ ਦੇ ਅੰਦਰ ਚੱਲਣਗੇ। ਇਸ ਸਬੰਧੀ ਸੰਸਥਾ ਦਾ ਨਕਸ਼ਾ ਅਤੇ ਪਹੁੰਚ ਮਾਰਗ ਦਾ ਰਸਤਾ (Road Map) ਨੱਥੀ ਹੈ। ਸੰਸਥਾ ਦੋਵੇਂ ਕੇਂਦਰ ਇੱਕ ਸਮੇਂ ਚਲਾਉਣ ਦੇ ਸਮਰੱਥ ਹੈ।

3. ਸੰਸਥਾ ਬੋਰਡ ਵੱਲੋਂ ਜਾਰੀ ਹਦਾਇਤਾਂ ਦੀ ਇੰਨ-ਬਿੰਨਾ ਪਾਲਣਾ ਕਰਦੀ ਆ ਰਹੀ ਹੈ ਅਤੇ ਅੱਗੇ ਤੋ. ਇਨ੍ਹਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਬਚਨਬੱਧ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਬੋਰਡ ਨੂੰ ਸੰਸਥਾ ਵਿਰੁੱਧ ਕੋਈ ਵੀ ਕਾਰਵਾਈ ਕਰਨ ਦਾ ਹੱਕ ਹੈ।

4. ਉਪਰੋਕਤ ਸਬੰਧੀ ਸੰਸਥਾ ਖਿਲਾਫ ਕਿਸੇ ਵੀ ਕਿਸਮ ਦੇ ਦੋਸ਼ ਸਿੱਧ ਹੋਣ ਦੀ ਸੂਰਤ ਵਿੱਚ ਕੀਤੀ ਜਾਣ ਵਾਲੀ ਕਾਨੂੰਨੀ ਕਾਰਵਾਈ ਦਾ ਖਰਚਾ/ਜੁਰਮਾਨਾ (ਜੇਕਰ ਕੋਈ ਹੋਵੇ) ਤਾਂ ਸੰਸਥਾ ਮੁੱਖੀ ਅਦਾਇਗੀ ਕਰਨ ਲਈ ਜ਼ਿੰਮੇਵਾਰ ਹੋਵੇਗਾ।

ਬਿਆਨਕਰਤਾ

ਵੈਰੀਫਿਕੇਸ਼ਨ:

ਮੈਂ ਤਸਦੀਕ ਕਰਦਾ ਹਾਂ ਕਿ ਉਪਰੋਕਤ ਦਰਜ ਲੜੀ ਨੰ:1 ਤੋ 4 ਤੱਥ ਮੇਰੀ ਜਾਣਕਾਰੀ ਮੁਤਾਬਿਕ ਬਿੱਲਕੁੱਲ ਸਹੀ ਹਨ ਨਾ ਹੀ ਇਸ ਸਬੰਧੀ ਕੋਈ ਗਲਤ ਬਿਆਨੀ ਕੀਤੀ ਗਈ ਹੈ ਅਤੇ ਨਾ ਹੀ ਕੋਈ ਤੱਥ ਛੁਪਾਇਆ ਗਿਆ ਹੈ।

ਬਿਆਨਕਰਤਾ